

# ਮੇਰੇ ਮਕਾਨ ਮਾਲਕ ਨੇ ਮੈਨੂੰ ਬਾਹਰ ਕੱਢ ਦਿੱਤਾ

- ਇਸ ਨੂੰ ਤੱਦ ਹੀ ਪੜ੍ਹੋ ਜੇਕਰ ਤੁਸੀਂ ਵਾਸ਼ਿੰਗਟਨ ਰਾਜ ਵਿੱਚ ਰਹਿੰਦੇ ਹੋ।
- ਤੁਸੀਂ ਸਾਰੀਆਂ ਤੱਥ ਸ਼ੀਟਾਂ ਜੋ ਅਸੀਂ ਇੱਥੇ ਲਿੰਕ ਕਰਦੇ ਹਾਂ WashingtonLawHelp.org 'ਤੇ ਲੱਭ ਸਕਦੇ ਹੋ।
- **ਬਾਹਰ ਕੱਢਣ ਦੇ ਕਾਨੂੰਨ ਅਤੇ ਜਿਸ ਤਰਾਂ ਅਦਾਲਤਾਂ COVID-19 ਸੰਕਟ ਦਾ ਪ੍ਰਬੰਧਨ ਕਰ ਰਹੀਆਂ ਹਨ** ਤੇਜ਼ੀ ਨਾਲ ਬਦਲ ਰਹੇ ਹਨ ਅਤੇ ਜਿੱਥੇ ਤੁਸੀਂ ਰਹਿੰਦੇ ਹੋ ਇਸ ਹਿਸਾਬ ਨਾਲ ਅਲੱਗ ਹੋਣਗੇ। WashingtonLawHelp.org ਉੱਤੇ ਨਵੀਂ ਜਾਣਕਾਰੀ ਅਤੇ ਤੁਹਾਡੇ ਇਲਾਕੇ ਵਿੱਚ ਬਾਹਰ ਕੱਢਣ ਪ੍ਰਤੀ ਮੱਦਦ ਬਾਰੇ ਸਿੱਖੋ।

## ਕੀ ਮੈਨੂੰ ਇਹ ਪੜ੍ਹਨਾ ਚਾਹੀਦਾ ਹੈ?

ਇਸ ਨੂੰ ਪੜ੍ਹੋ ਜੇਕਰ ਜਿੱਥੇ ਤੁਸੀਂ ਰਹਿੰਦੇ ਹੋ ਤੁਸੀਂ ਉਸ ਅਪਾਰਟਮੈਂਟ ਜਾਂ ਘਰ ਦਾ ਕਿਰਾਇਆ ਦਿੰਦੇ ਹੋ, ਤੁਹਾਡੇ ਮਕਾਨ ਮਾਲਕ ਨੇ ਤਾਲੇ ਬਦਲ ਦਿੱਤੇ ਹਨ ਤਾਂ ਕਿ ਤੁਸੀਂ ਜਗ੍ਹਾ ਵਿੱਚ ਦਾਖਿਲ ਨਾ ਹੋ ਸਕੋ, ਅਤੇ ਤੁਹਾਡੇ ਕੋਲ ਰਹਿਣ ਲਈ ਕੋਈ ਹੋਰ ਯੋਜਨਾ ਨਹੀਂ ਹੈ। **ਤੁਹਾਨੂੰ ਤੁਰੰਤ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ**। ਹੇਠਾਂ ਸੰਪਰਕ ਸੂਚਨਾ ਦੇਖੋ।

## ਮੈਂ ਕੀ ਸਿੱਖਾਂਗਾ?

- ✓ ਜੇਕਰ ਅਤੇ ਜਦੋਂ ਵੀ ਤੁਹਾਡੇ ਮਕਾਨ ਮਾਲਕ ਨੇ ਕਿਰਾਏ ਵਾਲੀ ਜਗ੍ਹਾ ਤੋਂ ਤੁਹਾਨੂੰ ਬਾਹਰ ਕੱਢ ਦਿੱਤਾ ਹੋਵੇ
- ✓ ਤੁਸੀਂ ਕੀ ਕਰ ਸਕਦੇ ਹੋ ਜੇਕਰ ਮਕਾਨ ਮਾਲਕ ਤੁਹਾਨੂੰ ਬਾਹਰ ਕੱਢ ਦਿੰਦਾ ਹੈ
- ✓ ਮੱਦਦ ਕਿੱਥੋਂ ਹਾਸਿਲ ਕਰਨੀ ਹੈ

## ਕੀ ਮੇਰਾ ਮਕਾਨ ਮਾਲਕ ਮੈਨੂੰ ਕਾਨੂੰਨੀ ਤੌਰ 'ਤੇ ਬਾਹਰ ਕੱਢ ਸਕਦਾ ਹੈ?

ਸਿਰਫ ਤਾਂ ਹੀ ਜੇਕਰ ਅਜਿਹਾ ਪ੍ਰਤੀਤ ਹੋਵੇ ਕਿ ਤੁਸੀਂ ਕਿਰਾਇਆ ਦੇਣਾ ਬੰਦ ਕਰ ਦਿੱਤਾ ਹੈ ਅਤੇ ਮਕਾਨ ਮਾਲਕ ਨੂੰ ਬਿਨਾਂ ਦੱਸੇ ਜਗ੍ਹਾ ਛੱਡ ਕੇ ਚਲੇ ਗਏ ਹੋ (ਜਿਸਨੂੰ ਕਿਰਾਏ ਵਾਲੀ ਜਗ੍ਹਾ ਨੂੰ "**ਛੱਡ ਦੇਣਾ**" ਕਹਿੰਦੇ ਹਨ), **ਜਾਂ** ਨੇ ਤੁਹਾਨੂੰ ਕੱਢਣ ਲਈ ਅਦਾਲਤ ਦੇ ਹੁਕਮ (ਜਿਸ ਨੂੰ **ਜ਼ਬਾਨੀ ਦੀ ਰਿੱਟ** ਕਿਹਾ ਜਾਂਦਾ ਹੈ) ਨੂੰ ਲਾਗੂ ਕੀਤਾ ਹੈ।

ਮਕਾਨ ਮਾਲਕ ਕਿਸੇ ਵੀ ਹੋਰ ਤਰੀਕੇ ਨਾਲ ਤਾਲੇ **ਨਹੀਂ** ਬਦਲ ਸਕਦਾ, ਤਾਲੇ ਨਹੀਂ ਲਗਾ ਸਕਦਾ, ਜਾਂ ਤੁਹਾਨੂੰ ਜਗ੍ਹਾ ਵਿੱਚ ਪ੍ਰਵੇਸ਼ ਕਰਨ ਤੋਂ ਨਹੀਂ ਰੋਕ ਸਕਦਾ। ਇਸ ਨਾਲ ਫਰਕ ਨਹੀਂ ਪੈਂਦਾ ਕਿ ਤੁਹਾਡਾ ਕਿਰਾਇਆ, ਸਹੂਲਤਾਂ, ਜਾਂ ਹੋਰ ਫੀਸਾਂ ਬਕਾਇਆ ਹਨ।

- ❖ ਆਪਣੀ ਸਥਾਨਿਕ ਉੱਤਮ ਅਦਾਲਤ ਦੇ ਕਲਰਕ ਨੂੰ ਕਾਲ ਕਰੋ। ਯਕੀਨੀ ਬਣਾਓ ਕਿ ਮਕਾਨ ਮਾਲਕ ਨੇ ਕਿਤੇ ਤੁਹਾਡੇ ਖਿਲਾਫ ਬਾਹਰ ਕੱਢਣ ਦਾ ਕੇਸ ਦਾਇਰ ਨਾਂ ਕੀਤਾ ਹੋਵੇ। ਜੇਕਰ ਮਕਾਨ ਮਾਲਕ ਨੇ ਕੀਤਾ ਹੈ, ਅਤੇ ਤੁਹਾਨੂੰ ਭਰੋਸਾ ਹੈ ਕਿ ਮਕਾਨ ਮਾਲਕ ਨੇ ਕੇਸ ਦੇ ਪੇਪਰ ਨਹੀਂ ਭੇਜੇ ਹਨ, ਹੁਣੇ ਕਾਨੂੰਨੀ ਮੱਦਦ ਹਾਸਿਲ ਕਰੋ।

ਜੇਕਰ ਮਕਾਨ ਮਾਲਕ ਤੁਹਾਨੂੰ ਬਾਹਰ ਕੱਢਦਾ ਹੈ, ਤੁਸੀਂ ਮਕਾਨ ਮਾਲਕ ਨੂੰ ਅਦਾਲਤ ਵਿੱਚ ਲਿਜਾ ਸਕਦੇ ਹੋ। ਜੇਕਰ ਤੁਸੀਂ ਪੇਸ਼ ਕਰਦੇ ਹੋ ਕਿ ਬਾਹਰ ਕੱਢਣਾ ਗੈਰਕਾਨੂੰਨੀ ਹੈ, ਅਦਾਲਤ ਮਕਾਨ ਮਾਲਕ ਨੂੰ ਤੁਹਾਨੂੰ ਅਦਾ ਕਰਨ ਲਈ ਹੁਕਮ ਦੇ ਸਕਦੀ ਹੈ। ਮੈਂ ਛੋਟੇ ਦਾਅਵਿਆਂ ਦੀ ਅਦਾਲਤ ਵਿੱਚ ਕੇਸ ਕਿਵੇਂ ਕਰਾਂ? ਤੁਹਾਡੀ ਮੱਦਦ ਕਰ ਸਕਦਾ ਹੈ, ਇਸ ਉੱਤੇ ਨਿਰਭਰ ਕਰਦਿਆਂ ਕਿ ਤੁਹਾਡਾ ਦਾਅਵਾ ਕਿੰਨਾ ਹੈ।

- ❖ ਤੁਹਾਨੂੰ ਵਾਪਿਸ ਜਗ੍ਹਾ ਵਿੱਚ ਪ੍ਰਵੇਸ਼ ਲਈ ਅਦਾਲਤ ਦਾ ਹੁਕਮ ਲੈਣ ਲਈ ਤੁਸੀਂ ਛੋਟੇ ਦਾਵੇ ਦਾਇਰ **ਨਹੀਂ ਕਰ ਸਕਦੇ**। ਵਕੀਲ ਨੂੰ ਮਿਲੋ।

## ਕੀ ਮੇਰਾ ਮਕਾਨ ਮਾਲਕ ਮੇਰੀਆਂ ਸਹੂਲਤਾਂ ਬੰਦ ਕਰ ਸਕਦਾ ਹੈ?

ਸਿਰਫ ਰਿਪੇਅਰਾਂ ਕਰਨ ਲਈ। ਮਕਾਨ ਮਾਲਕ ਤੁਹਾਡੀਆਂ ਸਹੂਲਤਾਂ ਬੰਦ **ਨਹੀਂ** ਕਰ ਸਕਦਾ ਕਿਉਂਕਿ ਤੁਸੀਂ ਕਿਰਾਇਆ ਦੇਣ ਵਿੱਚ ਦੇਰੀ ਕੀਤੀ ਹੈ ਜਾਂ ਤੁਹਾਨੂੰ ਬਾਹਰ ਕੱਢਣਾ ਹੈ।

- ❖ ਜੇਕਰ ਸਹੂਲਤਾਂ ਮਕਾਨ ਮਾਲਕ ਦੇ ਨਾਮ ਉੱਤੇ ਹਨ, ਇਹ ਗੈਰਕਾਨੂੰਨੀ ਹੈ ਕਿ ਮਕਾਨ ਮਾਲਕ ਸੇਵ� ਬੰਦ ਕਰਾਉਣ ਲਈ ਬਿਲਾਂ ਦੀ ਅਦਾਇਗੀ ਰੋਕ ਦੇਵੇ। ਮੇਰੇ ਮਕਾਨ ਮਾਲਕ ਨੇ ਮੇਰੀਆਂ ਸਹੂਲਤਾਂ ਬੰਦ ਕਰ ਦਿੱਤੀਆਂ ਹਨ! ਪੜ੍ਹੋ।

ਜੇਕਰ ਮਕਾਨ ਮਾਲਕ ਤੁਹਾਡੀਆਂ ਸਹੂਲਤਾਂ ਬੰਦ ਕਰਦਾ ਹੈ, ਤੁਸੀਂ ਮਕਾਨ ਮਾਲਕ ਨੂੰ ਅਦਾਲਤ ਵਿੱਚ ਲਿਜਾ ਸਕਦੇ ਹੋ। ਜੱਜ ਤੁਹਾਨੂੰ ਹਰੇਕ ਦਿਨ ਜਦੋਂ ਸਹੂਲਤਾਂ ਬੰਦ ਸਨ, ਲਈ $100 ਤੱਕ ਦਾ ਇਨਾਮ ਵੀ ਦੇ ਸਕਦਾ ਹੈ।

## ਮਕਾਨ ਮਾਲਕ ਨੇ ਬਾਹਰ ਕੱਢਣ ਦਾ ਕੇਸ ਦਾਇਰ ਕੀਤਾ ਅਤੇ ਜ਼ਬਾਨੀ ਦੀ ਰਿੱਟ ਮੇਰੇ ਖਿਲਾਫ ਹਾਸਿਲ ਕਰ ਲਈ ਹੈ। ਮੈਂ ਰਿੱਟ ਦੀ ਸਮਾਂ ਸੀਮਾ ਤੋਂ ਪਹਿਲਾਂ ਆਪਣੀਆਂ ਚੀਜ਼ਾਂ ਬਾਹਰ ਨਹੀਂ ਕੱਢ ਸਕਦਾ।

ਮਕਾਨ ਮਾਲਕ **ਸ਼ੈਰਿਫ ਦੀ ਨਿਗਰਾਨੀ ਹੇਠ** ਤੁਹਾਡੀਆਂ ਚੀਜ਼ਾਂ ਬਾਹਰ ਕੱਢ ਸਕਦਾ ਹੈ ਜੇਕਰ ਤੁਸੀਂ ਮੌਜੂਦ ਨਹੀਂ ਹੋ। ਜ਼ਬਾਨੀ ਦੀ ਰਿੱਟ ਹਾਸਿਲ ਕਰਨ ਦੇ ਤਿੰਨ ਦਿਨਾਂ ਦੇ ਅੰਦਰ, ਤੁਸੀਂ ਮਕਾਨ ਮਾਲਕ ਨੂੰ ਲਿਖਤੀ ਰੂਪ ਵਿੱਚ ਪੁੱਛ ਸਕਦੇ ਹੋ ਕਿ ਉਹ ਤੁਹਾਡੀਆਂ ਚੀਜ਼ਾਂ ਨੂੰ ਸਟੋਰ ਕਰ ਲਵੇ। ਤੱਦ ਤੁਹਾਡੇ ਮਕਾਨ ਮਾਲਕ ਨੂੰ ਸੱਭ ਕੁੱਝ ਸਟੋਰ ਕਰਨਾ ਹੋਵੇਗਾ। ਮਕਾਨ ਮਾਲਕ ਨੂੰ ਤੱਦ ਵੀ ਤੁਹਾਡਾ ਸਮਾਨ ਸਟੋਰ ਕਰਨਾ ਹੋਵੇਗਾ ਜੇਕਰ ਮਕਾਨ ਮਾਲਕ ਨੂੰ ਪਤਾ ਹੈ ਕਿ ਤੁਸੀਂ ਅਪਾਹਜ ਹੋ ਜੋ ਤੁਹਾਨੂੰ ਮਕਾਨ ਮਾਲਕ ਨੂੰ ਤੁਹਾਡੀਆਂ ਚੀਜ਼ਾਂ ਸਟੋਰ ਕਰਨ ਬਾਰੇ ਦੱਸਣ ਤੋਂ ਰੋਕ ਰਹੀ ਹੈ।

- ❖ ਤੁਸੀਂ ਆਮ ਤੌਰ 'ਤੇ ਲਿਜਾਉਣ ਅਤੇ ਸਟੋਰ ਕਰਨ ਦੇ ਖਰਚੇ ਅਦਾ ਕਰਦੇ ਹੋ ਆਪਣੀ ਸੰਪਤੀ ਵਾਪਿਸ ਲੈਣ ਲਈ।

**ਜੇਕਰ ਤੁਸੀਂ ਸਟੋਰੇਜ ਲਈ ਮਨ੍ਹਾਂ ਕਰਦੇ ਹੋ**, ਤੁਹਾਡਾ ਮਕਾਨ ਮਾਲਕ ਤੁਹਾਡਾ ਸਮਾਨ ਸਟੋਰ **ਨਹੀਂ** ਕਰ ਸਕਦਾ। ਮਕਾਨ ਮਾਲਕ ਇਸ ਨੂੰ ਆਮ ਤੋਰ ਤੇ ਪੈਦਲ ਚੱਲਣ ਵਾਲੇ ਰਸਤੇ ਜਾਂ ਪਾਰਕਿੰਗ ਜਗ੍ਹਾਂ ਵਿੱਚ ਰੱਖ ਦੇਵੇਗਾ।

## ਜਦੋਂ ਮੈਂ ਬਾਹਰ ਸੀ, ਮੇਰੇ ਮਕਾਨ ਮਾਲਕ ਨੇ ਮੇਰੀਆਂ ਚੀਜ਼ਾਂ ਚੁੱਕ ਲਈਆਂ। ਉਹ ਉਹਨਾਂ ਨੂੰ ਵਾਪਿਸ ਨਹੀਂ ਕਰੇਗਾ। ਮੈਂ ਕੀ ਕਰ ਸਕਦਾ ਹਾਂ?

ਮਕਾਨ ਮਾਲਕ ਨੂੰ ਲਿਖੋ। ਆਪਣੇ ਪੱਤਰ ਵਿੱਚ ਲਿਖੋ ਕਿ ਤੁਸੀਂ ਜਗ੍ਹਾ ਛੱਡੀ ਨਹੀਂ ਹੈ (ਜੇਕਰ ਸੱਚ ਹੈ) ਅਤੇ ਇਹ ਕਿ ਤੁਸੀਂ ਰਹਿਣ ਦੀ ਯੋਜਨਾ ਬਣਾਈ ਹੈ (ਜੇਕਰ ਸੱਚ ਹੈ)। ਆਪਣੇ ਰਿਕਾਰਡ ਲਈ ਪੱਤਰ ਦੀ ਕਾਪੀ ਰੱਖੋ। ਤੁਸੀਂ ਅੰਤ ਵਿੱਚ ਦਿੱਤੇ ਪੱਤਰ ਦਾ ਸੈਂਪਲ ਵਰਤ ਸਕਦੇ ਹੋ।

ਯਕੀਨੀ ਬਣਾਓ ਕਿ ਤੁਸੀਂ ਇਹ ਸਾਬਿਤ ਕਰ ਸਕਦੇ ਹੋ ਕਿ ਮਕਾਨ ਮਾਲਕ ਨੂੰ ਇਹ ਪੱਤਰ ਮਿਲਿਆ ਹੈ। ਗਵਾਹ ਲਿਆਓ ਜੋ ਘਰ ਦਾ ਮੈਂਬਰ ਨਾ ਹੋਵੇ, ਜਾਂ ਇਸ ਨੂੰ ਪ੍ਰਮਾਣਿਤ ਡਾਕ ਵਾਪਸੀ ਰਸੀਦ ਬੇਨਤੀ ਕੀਤੀ ਅਤੇ ਨਿਯਮਿਤ ਡਾਕ ਰਾਹੀਂ ਭੇਜੋ।

ਜੇਕਰ ਤੁਸੀਂ ਪੱਤਰ ਭੇਜਣ ਤੋਂ ਬਾਅਦ ਆਪਣੀਆਂ ਚੀਜ਼ਾਂ ਵਾਪਿਸ ਨਹੀਂ ਪਾਉਂਦੇ, ਤਾਂ ਪੁਲਿਸ ਨੂੰ ਕਾਲ ਕਰੋ। ਜੇਕਰ ਤੁਸੀਂ ਆਪਣੀਆਂ ਚੀਜ਼ਾਂ ਲਈ ਲਿਖਤੀ ਮੰਗ ਭੇਜਦੇ ਹੋ, ਮਕਾਨ ਮਾਲਕ ਨੂੰ ਉਹਨਾਂ ਨੂੰ ਵਾਪਿਸ ਕਰਨਾ ਹੋਵੇਗਾ।

---

- ❖ ਮਕਾਨ ਮਾਲਕ ਤੁਹਾਡੀਆਂ ਚੀਜ਼ਾਂ ਵਾਪਿਸ ਕਰਨ ਤੋਂ ਇੰਨਕਾਰ ਕਰ ਸਕਦਾ ਹੈ ਜਦੋਂ ਤੱਕ ਤੁਸੀਂ ਖਰਚਾ ਅਦਾ ਨਹੀਂ ਕਰਦੇ ਜੋ ਉਹਨਾਂ ਨੂੰ ਲਿਜਾਉਣ ਅਤੇ ਸਟੋਰ ਕਰਨ ਵਿੱਚ ਲੱਗਾ ਹੈ **ਸਿਰਫ** ਤੱਦ ਹੀ ਜੇਕਰ ਮਕਾਨ ਮਾਲਕ ਨੇ ਪਹਿਲਾਂ ਤੁਹਾਡੀਆਂ ਚੀਜ਼ਾਂ ਨੂੰ ਕਾਨੂੰਨੀ ਤੋਰ ਤੇ ਹਟਾਇਆ ਹੈ।

---

ਤੁਸੀਂ ਮਕਾਨ ਮਾਲਕ ਉੱਤੇ ਤੁਹਾਡੀਆਂ ਚੀਜ਼ਾਂ ਵਾਪਿਸ ਕਰਨ ਦਾ ਦਬਾਅ ਪਾਉਣ ਲਈ ਅਦਾਲਤ ਵਿੱਚ ਜਾ ਸਕਦੇ ਹੋ। ਜੇਕਰ ਤੁਸੀਂ ਜਿੱਤਦੇ ਹੋ, ਜੱਜ ਤੁਹਾਨੂੰ $5,000 ਤੱਕ ਦਾ ਇਨਾਮ ਦੇ ਸਕਦਾ ਹੈ।

## ਕੀ ਮਕਾਨ ਮਾਲਕ ਮੇਰੀਆਂ ਚੀਜ਼ਾਂ ਵੇਚ ਸਕਦਾ ਹੈ?

**ਸਿਰਫ** ਤੱਦ ਹੀ ਜੇਕਰ ਤੁਸੀਂ ਜਗ੍ਹਾ ਛੱਡ ਦਿੱਤੀ ਹੈ ਅਤੇ ਆਪਣੀਆਂ ਚੀਜ਼ਾਂ ਪਿੱਛੇ ਛੱਡ ਗਏ ਹੋ **ਜਾਂ** ਮਕਾਨ ਮਾਲਕ ਨੇ ਤੁਹਾਨ▯▯ ਜ਼ਬਾਨੀ ਦੀ ਰਿੱਟ ਤੋਂ ਬਾਅਦ ਬਾਹਰ ਕੱਢ ਦਿੱਤਾ ਹੈ ਅਤੇ ਤੁਸੀਂ ਮਕਾਨ ਮਾਲਕ ਨੂੰ ਲਿਖਤੀ ਰੂਪ ਵਿੱਚ ਤੁਹਾਡੀਆਂ ਚੀਜ਼ਾਂ ਨੂੰ ਸਟੋਰ ਕਰਨ ਲਈ ਨਹੀਂ ਕਿਹਾ ਹੈ। ਜੇਕਰ ਤੁਸੀਂ ਮਕਾਨ ਮਾਲਕ ਦੁਆਰਾ ਤੁਹਾਡੀਆਂ ਚੀਜ਼ਾਂ ਨੂੰ ਸਟੋਰ ਕਰਨ ਦਾ ਵਿਰੋਧ ਕਰਦੇ ਹੋ, ਮਕਾਨ ਮਾਲਕ ਨੂੰ ਤੁਹਾਡੀਆਂ ਚੀਜ਼ਾਂ ਨੂੰ ਨੇੜਲੀ ਜਨਤਕ ਪ੍ਰੋਪਰਟ▯ 'ਤੇ ਰੱਖਣੀਆਂ ਹੋਣਗੀਆਂ।

**ਜੇਕਰ ਤੁਹਾਡੀਆਂ ਚੀਜ਼ਾਂ ਦੀ ਕੀਮਤ $250 ਤੋਂ ਜ਼ਿਆਦਾ ਹੈ,** ਤਾਂ ਮਕਾਨ ਮਾਲਕ ਨੂੰ ਵੇਚਣ ਤੋਂ 30 ਦਿਨ ਪਹਿਲਾਂ ਤੁਹਾਡੇ ਆਖਰੀ ਜਾਣੂ ਪਤੇ ਉੱਤੇ ਲਿਖਤੀ ਨੋਟਿਸ ਦੇਣਾ ਹੋਵੇਗਾ। **ਜੇਕਰ ਇਹਨਾਂ ਦੀ ਕੀਮਤ $250 ਤੋਂ ਘੱਟ ਹੈ,** ਤਾਂ ਮਕਾਨ ਮਾਲਕ ਨੂੰ ਵੇਚਣ ਤੋਂ ਸੱਤ ਦਿਨ ਪਹਿਲਾਂ ਲਿਖਤੀ ਨੋਟਿਸ ਦੇਣਾ ਹੋਵੇਗਾ।

ਜਿਨਾਂ ਤੁਸੀਂ ਅਦਾ ਕਰਨਾ ਹੈ ਜੇਕਰ ਮਕਾਨ ਮਾਲਕ ਵੇਚ ਤੋਂ ਉਸ ਤੋਂ ਜਿਆਦਾ ਕਮਾਉਂਦਾ ਹੈ ਉਸ ਨੂੰ ਅੰਤਰ ਨੂੰ ਤੁਹਾਡੇ ਲਈ ਵੇਚ ਦੀ ਮਿਤੀ ਤੋਂ ਇੱਕ ਸਾਲ ਤੱਕ ਆਪਣੇ ਕੋਲ ਰੱਖਣਾ ਹੋਵੇਗਾ। ਤੁਸੀਂ ਇਸ ਸਮੇਂ ਦੋਰਾਨ ਪੈਸਿਆਂ ਦਾ ਦਾਅਵਾ ਕਰ ਸਕਦੇ ਹੋ।

ਮਕਾਨ ਮਾਲਕ ਤੁਹਾਡੇ ਕੋਲੋਂ ਤੁਹਾਡੀਆਂ ਚੀਜ਼ਾਂ ਵਾਪਿਸ ਕਰਨ ਦੇ ਏਵਜ ਵਿੱਚ ਬਕਾਇਆ ਕਿਰਾਇਆ **ਨਹੀਂ** ਮੰਗ ਸਕਦਾ। ਪਰ ਮਕਾਨ ਮਾਲਕ ਜੋ ਤੁਹਾਡੀਆਂ ਚੀਜ਼ਾਂ ਵੇਚਦਾ ਹੈ ਵੇਚ ਤੋਂ ਆਈ ਕਿਸੇ ਵੀ ਰਾਸ਼ੀ ਨੂੰ ਤੁਹਾਡੇ ਕਿਰਾਏ ਜਾਂ ਜੋ ਲਾਗਤਾਂ ਤੁਹਾਡੇ ਵੱਲ ਬਕਾਇਆ ਹਨ ਉੱਤੇ ਲਾਗੂ ਕਰ **ਸਕਦਾ** ਹੈ।

❖ ਜੇਕਰ ਤੁਹਾਡੀਆਂ ਚੀਜ਼ਾਂ ਦੀ ਕੀਮਤ ਦੋ ਸੋ ਪੰਜਾਹ ਡਾਲਰ ਜਾਂ ਇਸ ਤੋਂ ਘੱਟ ਹੈ, ਮਕਾਨ ਮਾਲਕ **ਨਿਜੀ ਪੇਪਰਾਂ, ਪਰਿਵਾਰਿਕ ਫੋਟੋਆਂ ਅਤੇ ਨਿਸ਼ਾਨੀਆਂ ਤੋਂ ਇਲਾਵਾ** ਬਾਕੀ ਸੱਭ ਵੇਚ ਜਾਂ ਸੁੱਟ ਸਕਦਾ ਹੈ।

## ਕਾਨੂੰਨੀ ਮੱਦਦ ਲਓ

- ਕਿੰਗ ਕਾਊਂਟੀ ਦੇ ਬਾਹਰ, CLEAR ਹਾਟਲਾਈtਨ ਨੂੰ 1-888-201-1014 ਹਫਤੇ ਦੇ ਦਿਨਾਂ ਵਿੱਚ 9:15 am - 12:15 pm ਦੇ ਦਰਮਿਆਨ ਕਾਲ ਕਰੋ।
- ਕਿੰਗ ਕਾਊਂਟੀ ਦੇ ਅੰਦਰ ਹਫਤੇ ਦੇ ਦਿਨਾਂ ਵਿੱਚ 211 'ਤੇ 8:00 am - 6:00 pm ਦਰਮਿਆਨ ਕਾਲ ਕਰੋ। 211 ਪਹਿਚਾਣੇਗਾ ਅਤੇ ਤੁਹਾਨੂੰ ਯੋਗ ਕਾਨੂੰਨੀ ਸਹਾਇਤਾ ਪ੍ਰਦਾਤਾ ਨੂੰ ਰੈਫਰ ਕਰੇਗਾ।
- ਸੀਨੀਅਰ (60 ਜਾਂ ਇਸ ਤੋਂ ਵੱਧ ਉਮਰ) CLEAR*Sr. ਨੂੰ 1-888-387-7111 'ਤੇ (ਰਾਜ ਪੱਧਰੀ) ਵੀ ਕਾਲ ਕਰ ਸਕਦੇ ਹਨ।
- ਤੁਸੀਂ CLEAR*Online ਨਾਲ ਵੀ ਆਨਲਾਈਨ ਅਪਲਾਈ ਕਰ ਸਕਦੇ ਹੋ: nwjustice.org/get-legal-help।

ਇਹ ਪਬਲੀਕੇਸ਼ਨ ਤੁਹਾਡੇ ਅਧਿਕਾਰਾਂ ਅਤੇ ਜਿੰਮੇਵਾਰੀਆਂ ਸਬੰਧੀ ਇੱਕ ਆਮ ਜਾਣਕਾਰੀ ਮੁੱਹਈਆਂ ਕਰਾਉਂਦਾ ਹੈ। ਇਸ ਨੂੰ ਖਾਸ ਕਾਨੂੰਨੀ ਸਲਾਹ ਦੇ ਬਦਲ ਵਜੋਂ ਨਾ ਵਰਤਿਆ ਜਾਵੇ।

**© 2020 Northwest Justice Project — 1-888-201-1014**।

(ਕਾਪੀ ਅਤੇ ਵਿਤਰਣ ਦੀ ਆਗਿਆ ਅਲਾਇੰਸ ਫਾਰ ਈਕੂਅਲ ਜਸਟਿਸ ਅਤੇ ਵਿਅਕਤੀਆਂ ਨੂੰ ਨਾਨ-ਕਮਰਸ਼ੀਅਲ ਉਦੇਸ਼ਾਂ ਲਈ ਹੀ ਦਿੱਤੀ ਗਈ ਹੈ।)

___________________[ date/*ਮਿਤੀ*]

________________________________ [name of landlord/*ਮਕਾਨ ਮਾਲਕ ਦਾ ਨਾਮ*]
________________________________ [landlord street address/*ਮਕਾਨ ਮਾਲਕ ਦਾ ਪਤਾ*]
___________________________ [landlord name/*ਮਕਾਨ ਮਾਲਕ ਦਾ ਕਸਬਾ/ ਸ਼ਹਿਰ, ਰਾਜ, ਜ਼ਿੱਪ ਕੋਡ*]

Dear ਸ਼੍ਰੀਮਾਨ ________________________[*ਮਕਾਨ ਮਾਲਕ ਦਾ ਨਾਮ*]:

I am writing about the apartment/house I rent from you at
ਮੈਂ_______________________________________________________[your address/*ਤੁਹਾਡਾ ਪਤਾ*]

On or about/ਉੱਤੇ ਮੌਜੂਦ ਅਪਾਰਟਮੈਂਟ/ਮਕਾਨ ਬਾਰੇ ਲਿਖ ਰਿਹਾ ਹਾਂ ਜੋ ਮੈਂ ਤੁਹਾਡੇ ਤੋਂ ਕਿਰਾਏ ਉੱਤੇ ਲਿਆ ਹੈ।

ਮਿਤੀ ________________ [date you were locked out/*ਜਿਸ ਤਾਰੀਕ ਨੂੰ ਤੁਹਾਨੂੰ ਬਾਹਰ ਕੱਢਿਆ ਗਿਆ*]
you and your agents excluded me from the rental by/ਜਾਂ ਇਸ ਦੇ ਕਰੀਬ, ਤੁਸੀਂ ਅਤੇ ਤੁਹਾਡੇ ਏਜੰਟਾਂ ਨੇ ਮੈਨੂੰ ਕਿਰਾਏ ਦੀ ਜਗ੍ਹਾ ਤੋਂ ਬਾਹਰ ਕੱਢ ਦਿੱਤਾ ਹੇਠਾਂ ਦੁਆਰਾ:

☐ locking me out and/or ਮੈਨੂੰ ਬਾਹਰ ਤਾਲਾ ਲਗਾ ਕੇ ਅਤੇ/ਜਾਂ

☐ calling the Sheriff to have me removed and/or ਮੈਨੂੰ ਹਟਾਉਣ ਲਈ ਸ਼ੈਰਿਫ ਨੂੰ ਕਾਲ ਕਰਕੇ ਅਤੇ/ਜਾਂ

☐ other ਹੋਰ ਰਾਹੀਂ:

____________________________________________________________

You have no court order or Writ of Restitution permitting these actions.

ਤੁਹਾਡੇ ਕੋਲ ਇਹਨਾਂ ਗਤੀਵਿਧੀਆਂ ਨੂੰ ਯੋਗ ਠਹਿਰਾਉਂਦਾ ਅਦਾਲਤ ਦਾ ਹੁਕਮ ਜਾਂ ਜ਼ਬਾਨੀ ਦੀ ਰਿੱਟ ਨਹੀਂ ਹੈ।

The Residential Landlord-Tenant act, Ch. 59.18 RCW, and the unlawful detainer statute, Ch. 59.12 RCW make self-help evictions illegal. Your conduct violates the law.

ਰਿਹਾਇਸ਼ੀ ਮਕਾਨ ਮਾਲਕ-ਕਿਰਾਏਦਾਰ ਐਕਟ, Ch. 59.18 RCW, ਅਤੇ ਗੈਰਕਾਨੂੰਨੀ ਕੈਦ ਕਰਨ ਵਾਲਾ ਕਾਨੂੰਨ, Ch. 59.12 RCW ਖੁੱਦ-ਸਹਾਇਤਾ ਬਾਹਰ ਕੱਢਣ ਨੂੰ ਗੈਰਕਾਨੂੰਨੀ ਬਣਾ ਦਿੰਦਾ ਹੈ। ਤੁਹਾਡੀ ਗਤੀਵਿਧੀ ਨੇ ਕਾਨੂੰਨ ਦੀ ਉਲੰਘਣਾ ਕੀਤੀ ਹੈ।

Please note/ਕਿਰਪਾ ਨੋਟ ਕਰੋ:

☐ I have not abandoned the place/ਮੈਂ ਜਗ੍ਹਾ ਨਹੀਂ ਛੱਡੀ ਹੈ।

☐ I have no intention of abandoning the place/ ਮੇਰਾ ਜਗ੍ਹਾ ਛੱਡਣ ਦਾ ਕੋਈ ਇਰਾਦਾ ਨਹੀਂ ਹੈ।

I have been denied access to my residence since/ ਮੈਂ _______________ [date/*ਮਿਤੀ*] ਤੋਂ ਮੇਰੀ .

I am worried that you have allowed unauthorized people to enter the place and remove my things. I will consider you responsible for any loss or damage to my property that occurs before you return it.

ਰਿਹਾਇਸ਼ ਵਿੱਚ ਪਹੁੰਚ ਤੋਂ ਰੋਕਿਆ ਜਾ ਰਿਹਾ ਹੈ। ਮੈਨੂੰ ਡਰ ਹੈ ਕਿ ਤੁਸੀਂ ਗੈਰ-ਅਧਿਕਾਰਿਤ ਵਿਅਕਤੀਆਂ ਨੂੰ ਜਗ੍ਹਾ ਵਿੱਚ ਦਾਖਿਲ ਹੋਣ ਅਤੇ ਮੇਰੀਆਂ ਚੀਜ਼ਾਂ ਹਟਾਉਣ ਦੀ ਆਗਿਆ ਦਿੱਤੀ ਹੈ। ਮੈਂ ਇਸ ਨੂੰ ਧਿਆਨ ਵਿੱਚ ਰੱਖਾਂਗਾ

Please consider this letter a demand upon you to restore immediate possession of the residence to me.

ਕਿ ਤੁਸੀਂ ਮੇਰੀ ਪ੍ਰੋਪਰਟੀ ਦੇ ਨੁਕਸਾਨ ਜਾਂ ਹਾਨੀ ਲਈ ਜਿੰਮੇਵਾਰ ਹੋ ਜੋ ਤੁਹਾਡੇ ਦੁਆਰਾ ਵਾਪਿਸ ਕਰਨ ਤੋਂ ਪਹਿਲਾਂ ਹੋਵੇਗੀ।

Please call at once at /ਇਸ ਪੱਤਰ ਨੂੰ ਮੰਗ ਵਜੋਂ ਧਿਆਨ ਵਿੱਚ ਰੱਖੋ ਕਿ ਤੁਸੀਂ ਮੈਨੂੰ ਰਿਹਾਇਸ਼ ਦੇ ਕਬਜੇ ਨੂੰ ਤੁਰੰਤ ਮੁੜਲਾਗੂ ਕਰ ਦਿਓ। ਕਿਰਪਾ ___________________ [your phone number/*ਤੁਹਾਡਾ ਫੋਨ ਨੰਬਰ*] so we can work out how you will get the new key to me/ਉੱਤੇ ਕਾਲ ਕਰੋ, ਤਾਂ ਕਿ ਅਸੀਂ ਇਹ ਮਿੱਥ ਸਕੀਏ ਕਿ ਤੁਸੀਂ ਕਿਸ ਤਰ੍ਹਾਂ ਨਵੀਂ ਚਾਬੀ ਮੈਨੂੰ ਦਿਓਗੇ।

If you do not give me immediate access to the apartment/house, I will seek assistance from the County Sheriff and/or the Superior Court to get back possession of the apartment/house.

ਜੇਕਰ ਤੁਸੀਂ ਅਪਾਰਟਮੈਂਟ/ਮਕਾਨ ਦੀ ਪਹੁੰਚ ਮੈਨੂੰ ਤੁਰੰਤ ਨਹੀਂ ਦਿੰਦੇ ਹੋ, ਤਾਂ ਮੈਂ ਕਾਉਂਟੀ ਸ਼ੈਰਿਫ ਅਤੇ/ਜਾਂ ਉੱਤਮ ਅਦਾਲਤ ਤੋਂ ਸਹਾਇਤਾ ਦੀ ਮੰਗ ਕਰਾਂਗਾ ਤਾਂ ਕਿ ਅਪਾਰਟਮੈਂਟ/ਮਕਾਨ ਦਾ ਕਬਜਾ ਵਾਪਿਸ ਲਿਆ ਜਾਵੇ।

Thank you for your cooperation.

ਤੁਹਾਡੇ ਸਹਿਯੋਗ ਲਈ ਧੰਨਵਾਦ।

Sincerely/ਤੁਹਾਡਾ ਸ਼ੁੱਭਚਿੰਤਕ,

_________________________